## ਕੈਂਸਰ ਦੀ ਬਿਮਾਰੀ ਦੀ ਰੋਕਥਾਮ

* 1247 ਸਰਦਾਰ ਸੁਖਪਾਲ ਸਿੰਘ ਖਹਿਰਾ, ਐਮ.ਐਲ.ਏ

ਸਰਦਾਰ ਚਰਨਜੀਤ ਸਿੰਘ ਚੰਨੀ, ਐਮ.ਐਲ.ਏ :- ਕੀ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ

ੳ) ਰਾਜ ਸਰਕਾਰ ਦੁਆਰਾ ਕੈਂਸਰ ਨਾਲ ਹੋ ਰਹੀਆਂ ਮੌਤਾਂ, ਵਿਸ਼ੇਸ਼ ਤੌਰ ਤੇ ਮਾਲਵਾ ਖੇਤਰ ਵਿੱਚ, ਜਿੱਥੇ ਕਿ ਘਟੀਆ ਜ਼ਮੀਨੀ ਪਾਣੀ ਅਤੇ ਹੋਰ ਕਾਰਨਾਂ ਕਰਕੇ ਇਹ ਮੰਦਭਾਗੀ ਘਟਨਾਵਾਂ ਵਾਪਰ ਰਹੀਆਂ ਹਨ, ਦੇ ਖਤਰੇ ਨੂੰ ਰੋਕਣ ਲਈ ਕੀ ਕਦਮ ਚੁੱਕੇ ਜਾ ਰਹੇ ਹਨ;

ਅ) ਕੀ ਜ਼ਿਲਾ ਰੋਪੜ ਅਤੇ ਮੋਹਾਲੀ ਵਿੱਚ ਕੈਂਸਰ ਦੀ ਨਾਮੁਰਾਦ ਬਿਮਾਰੀ ਦੇ ਹੋ ਰਹੇ ਪਸਾਰੇ ਬਾਰੇ ਕੋਈ ਸਰਵੇਖਣ ਕਰਵਾਇਆ ਗਿਆ ਹੈ; ਜੇਕਰ ਹੈ ਤਾਂ ਇਸ ਦੇ ਕੀ ਨਤੀਜੇ ਹਨ?

**ਲਕਸ਼ਮੀ ਕਾਂਤਾ ਚਾਵਲਾ, ਸਿਹਤ ਤੇ ਪਰਿਵਾਰ ਭਲਾਈ ਮੰਤਰੀ**

ੳ) ਰਾਜ ਸਰਕਾਰ ਵਲੋ ਕੈਸਰ ਦੀ ਰੋਕਥਾਮ ਲਈ ਚੁੱਕੇ ਗਏ ਕਦਮ ਅਨੁਲੱਗ ੳ ਤੇ ਰੱਖੇ ਜਾਂਦੇ ਹਨ:

ਅ) ਸਾਲ 2009 ਦੌਰਾਨ ਜ਼ਿਲ੍ਹਾ ਰੋਪੜ ਅਤੇ ਮੋਹਾਲੀ ਵਿਚ ਸਿਹਤ ਕਾਮਿਆਂ ਵਲੋਂ ਕੈਂਸਰ ਸਬੰਧੀ ਕਰਵਾਏ ਗਏ ਸਰਵੇਖਣ ਅਨੁਸਾਰ ਜ਼ਿਲ੍ਹਾ ਰੋਪੜ ਵਿਚ 200 ਮਰੀਜ ਅਤੇ ਜ਼ਿਲ੍ਹਾ ਮੋਹਾਲੀ ਵਿਚ 133 ਮਰੀਜ ਪਾਏ ਗਏ ਹਨ ਜੀ।

**LAKSHMI KANTA CHAWLA, HEALTH AND FAMILY WELFARE MINISTER,**

A) Steps taken for control of cancer in the state is placed at Annexure "A".

B) During the year 2009 a Cancer Survey was conducted by the Health workers in the District Ropar and Mohali. A total number of 200

cancer cases in  Dist.Ropar and 133 cancer cases in Dist. Mohali was detected.

ਅਨੁਲੱਗ ੳ

**ਰਾਜ ਸਰਕਾਰ ਵਲੋ ਕੈਸਰ ਦੀ ਰੋਕਥਾਮ ਲਈ ਚੁੱਕੇ ਗਏ ਕਦਮ :**

- ਸਿਵਲ ਹਸਪਤਾਲ, ਬਠਿੰਡਾ ਵਿਖੇ ਛਾਤੀ ਦੇ ਕੈ੍ਸਰ ਨੂੰ ਡਿਟੈਕਟ ਕਰਨ ਲਈ ਮੈਮੋਗਰਾਫੀ ਯੂਨਿਟ ਲਗਾਇਆ ਗਿਆ ਹੈ।
- ਮੋਹਾਲੀ ਵਿਖੇ ਸੁਪਰ੍ਸਪੈਸ਼ਲਿਟੀ ਹਸਪਤਾਲ ਫਾਰ ਕੈਸੰਰ ਐਡ ਟਰੋਮਾ ਸੈਟਰ ਅਤੇ ਬਠਿੰਡਾ ਵਿਖੇ ਸੁਪਰ੍ਸਪੈਸ਼ਲਿਟੀ ਹਸਪਤਾਲ ਕੈਸਰ ਐਡ ਕਾਰਡੀਅਕ ਹਸਪਤਾਲ ਮੈਕਸ ਹੈਲਥ ਕੇਅਰ ਇੰਡੀਆ ਨਾਲ ਮਿਲ ਕੇ ਪਬਲਿਕ ਪ੍ਰਾਈਵੇਟ ਪਾਰਟਨਰਸ਼ਿਪ ਅਧੀਨ ਬਣਾਏ ਜਾ ਰਹੇ ਹਨ।
- ਜਿਲ੍ਹਾ ਬਠਿੰਡਾ, ਮਾਨਸਾ ਅਤੇ ਮੁਕਤਸਰ ਵਿੱਚ ਰੋਕੋ ਕੈਸੰਰ ਐਨ ਜੀ ੳ ਦੀ ਮਦਦ ਨਾਲ ਛਾਤੀ ਦੇ ਕੇਸੰਰ ਦੀ ਸਕਰਿੰਨੀਗ ਲਈ ਕੈਪ ਲਗਾਏ ਗਏ ਹਨ।
- ਜਿਲ੍ਹਾ ਬਠਿੰਡਾ ਵਿਖੇ ਕੈਸਰ ਰਜਿਸਟਰੀ ਸਥਾਪਿਤ ਕਰਨ ਲਈ ਪ੍ਰੋਜੈਕਟ ਦੀ ਤਜਵੀਜ਼ ਭਾਰਤ ਸਰਕਾਰ (ਆਈ.ਸੀ.ਐਮ.ਆਰ) ਨੂੰ ਭੇਜੀ ਜਾ ਚੁੱਕੀ ਹੈ।
- ਗੁਰੂ ਨਾਨਕ ਹਸਪਤਾਲ, ਅੰਮ੍ਰਿਤਸਰ ਵਿਖੇ ਰੀਜਨਲ ਕੈਸੰਰ ਸੈਟੰਰ ਦੀ ਉਸਾਰੀ ਚੱਲ ਰਹੀ ਹੈ ਅਤੇ ਕੋਬਾਲਟ੍60 ਮਸ਼ੀਨ ਖਰੀਦਣ ਲਈ ਆਡਰ ਦਿੱਤਾ ਜਾ ਚੁੱਕਾ ਹੈ।
- ਸਰਕਾਰੀ ਮੈਡੀਕਲ ਕਾਲਜ ਪਟਿਆਲਾ ਵਿਖੇ ਬਰੇਕੀ ਥਰੈਪੀ ਮਸ਼ੀਨ ਲਗਾਈ ਗਈ ਹੈ।ਸੈਮੂਲੇਟਰ ਅਤੇ ਟਰੀਟਮੈਂਟ ਪਲੈਨਿੰਗ ਸਿਸਟਮ ਅਤੇ ਮੈਮੋਗਰਾਫੀ ਯੂਨਿਟ ਲਗਾਇਆ ਜਾ ਰਿਹਾ ਹੈ।
- ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਫਰੀਦਕੋਟ ਵਿਖੇ ਰੇਡਿਓਥਰੈਪੀ ਵਿਭਾਗ ਵਿੱਚ ਕੋਬਾਲਟ-ਯੂਨਿਟ ਮਸ਼ੀਨ ਲੱਗਉਣ ਲਈ ਕਮਰਿਆਂ ਦੀ ਉਸਾਰੀ ਪੂਰੀ ਹੋ ਚੁੱਕੀ ਹੈ।ਕੋਬਾਲਟ-ਯੂਨਿਟ ਦੀ ਖਰੀਦ ਕਰ ਲਈ ਗਈ ਹੈ।
- ਸ੍ਰੀ ਗੁਰੂ ਰਾਮ ਦਾਸ ਇੰਸਟੀਚਿਊਟ ਆਫ ਮੈਡੀਕਲ ਸਾਇੰਸ ਅਤੇ ਰਿਸਰਚ ਨਾਲ ਕੰਮ ਕਰਦੇ ਸ੍ਰੀ ਗੁਰੂ ਰਾਮ ਦਾਸ ਰੋਟਰੀ ਕੈਸੰਰ ਹਸਪਤਾਲ, ਅੰਮ੍ਰਿਤਸਰ ਵਲੋ ਪੰਜਾਬ ਸਰਕਾਰ

ਦੀ ਮੱਦਦ ਨਾਲ ਕੋਬਾਲਟ ਸੋਰਸ ਖਰੀਦ ਲਈ ਗਈ ਹੈ ਅਤੇ ਰੇਡੀਓ ਥਰੈਪੀ ਮਸ਼ੀਨ ਕੰਮ ਕਰ ਰਹੀ ਹੈ।

- ਗਰੀਬੀ ਰੇਖਾ ਤੋ ਹੇਠਾਂ ਰਹਿਣ ਵਾਲੇ ਪਰਿਵਾਰਾਂ ਨੂੰ ਸਟੇਟ ਇਲਨੈਸ ਫੰਡ ਅਧੀਨ ਕੈਂਸਰ ਦੇ ਇਲਾਜ ਲਈ ਵਿੱਤੀ ਸਹਾਇਤਾ ਦਿੱਤੀ ਜਾਂਦੀ ਹੈ।
- ਸਟੇਟ ਪਬਲਿਕ ਹੈਲਥ ਲੈਬੋਰੇਟਰੀ ਵਿੱਚ ਪੀਣ ਵਾਲੇ ਪਾਣੀ ਵਿੱਚ ਹੈਵੀ ਮੈਟਲਜ (Arsenic, Cyanide, Chromium, Lead, and Mercury) ਦੇ ਟੈਸਟ ਕੀਤੇ ਜਾਂਦੇ ਹਨ।
- ਕੈਂਸਰ ਦੀ ਬਿਮਾਰੀ ਨਾਲ ਪੀੜ੍ਹਤ ਸਕੂਲੀ ਬੱਚਿਆਂ ਨੂੰ ਮੁਫਤ ਇਲਾਜ ਮੁਹੱਈਆ ਕਰਵਾਇਆ ਜਾ ਰਿਹਾ ਹੈ।
- ਸੂਚਨਾ ਸਿੱਖਿਆ ਅਤੇ ਸੰਚਾਰ ਗਤੀਵਿਧੀਆਂ ਰਾਹੀ ਇਹਨਾਂ ਬੀਮਾਰੀਆਂ ਦੇ ਕਾਰਨਾਂ, ਨਿਸ਼ਾਨੀਆਂ/ ਲੱਛਣਾਂ ਅਤੇ ਕੈਸਂਰ ਦੀ ਰੋਕਥਾਮ ਬਾਰੇ ਲੋਕਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ।

**Annexure "A"**

## Steps taken for control of cancer in the State

- Mammography unit for screening of breast cancer has been installed at Civil Hospitial. Bathinda.
- Super Specialty Hospital for Cancer & Trauma Care in the premises of Civil Hospital Mohali and Super Specialty Hospital Cancer & Cardiac Hospital under Public Private Partnership are being set up.
- Cancer Detection Camps have been held in Bathinda, Mansa and Mukatsar districts in collaboration with Roko Cancer, Non Government Organization.
- A proposal for setting up a Population Based Cancer Registry at Bathinda has been submitted to Govt of India (ICMR) for sanction.
- Regional Cancer Centre is under construction at Guru Nanak Hospital Amritsar. Order for the purchase of Cobalt-60 has been placed.
- Brachytherapy Machine has been installed at Govt. Medical College Patiala. Simulator and Treatment Planning System and Mammography unit are being installed.
- The construction of the rooms where Cobalt Unit machine is to be installed has been completed at Guru Gobind Singh Medical College Faridkot. Cobalt Unit has been purchased.
- Cobalt Source for the treatment of cancer patients has been installed at Sri Guru Ram Das Rotary Cancer Hospital attached to Sri Guru Ram Das Institute of Medical Sciences and Research with assistance from Govt. of Punjab and is working.

- Financial assistance under State Illness fund through Punjab Nirogi Society is provided to cancer patients belonging to below poverty line.
- The testing of heavy metals in drinking water like Arsenic, Cyanide, Chromium, Lead, and Mercury has been started in the State Public Health Laboratory.
- School children suffering from cancer are provided free treatment by Punjab Government.
- Health Education activities are under taken to make people aware about the causes signs and symptoms and prevention of cancer.